ਹੈਲੋ, ਏ ਸਵੇਇਲ,

ਤੁਹਾਡੇ ਨਾਲ ਇਕ ਵਾਰ ਫਿਰ ਗੱਲ ਕਰਨਾ ਅਤੇ ਇਸ ਸਮੇਂ ਸੂਬੇ ਵਿੱਚ ਵਾਪਰ ਰਹੀਆਂ ਚੀਜ਼ਾਂ ਬਾਰੇ ਤੁਹਾਨੂੰ ਅਪਡੇਟ ਕਰਨਾ ਚੰਗਾ ਲੱਗ ਰਿਹਾ ਹੈ। ਬਹੁਤ ਸਾਰੀ ਜਾਣਕਾਰੀ ਹੈ ਜਿਹੜੀ ਸਾਡੇ ਸਕੂਲ ਜ਼ਿਲ੍ਹੇ `ਤੇ ਸਿੱਧਾ ਅਸਰ ਪਾਉਂਦੀ ਹੈ ਅਤੇ ਮੈਂ ਤੁਹਾਨੂੰ ਫੰਕਸ਼ਨਲ ਕਲੋਜ਼ਰਜ਼, ਰੈਪਿਡ ਟੈੱਸਟਾਂ, ਵੈਕਸੀਨ ਮੈਨਡੇਟਾਂ, ਮਾਸਕਾਂ ਅਤੇ ਵੈਂਟੀਲੇਸ਼ਨ ਸਮੇਤ ਕੁੱਝ ਮਹੱਤਵਪੂਰਨ ਚੀਜ਼ਾਂ ਬਾਰੇ ਅੱਪਡੇਟ ਕਰਾਂਗਾ। ਮੈਂ ਜਾਣਦਾ ਹਾਂ ਕਿ ਇਹ ਬਹੁਤ ਸਾਰੀਆਂ ਚੀਜ਼ਾਂ ਹਨ, ਪਰ ਮੈਂ ਸੋਚਦਾ ਹਾਂ ਕਿ ਸ਼ਾਇਦ ਤੁਹਾਡੇ ਤੱਕ ਜਾਣਕਾਰੀ ਪਹੁੰਚਾਉਣ ਦਾ ਅਤੇ ਇਹ ਜਾਣਨ ਦਾ ਇਹ ਸਭ ਤੋਂ ਵਧੀਆ ਢੰਗ ਹੈ ਕਿ ਚੀਜ਼ਾਂ ਹਰ ਸਮੇਂ ਬਦਲਦੀਆਂ ਰਹਿੰਦੀਆਂ ਹਨ।

**ਫੰਕਸ਼ਨਲ ਕਲੋਜ਼ਰ (ਘਰ ਤੋਂ ਸਿੱਖਣਾ):**

ਮੈਂ ਲੋਕਾਂ ਨੂੰ ਇਹ ਪੁੱਛਦਿਆਂ ਸੁਣਿਆ ਹੈ ਕਿ ਕਿਹੜੀ ਚੀਜ਼ ਇਸ ਦਾ ਕਾਰਨ ਬਣੇਗੀ? ਮੈਂ ਇਹ ਕਿਵੇਂ ਜਾਣਾਗਾ/ਜਾਣਾਗੀ ਕਿ ਮੇਰੇ ਸਕੂਲ ਵਿੱਚ ਘਰ ਤੋਂ ਪੜ੍ਹਨਾ ਸ਼ੁਰੂ ਹੋ ਜਾਵੇਗਾ। ਲੋਕੀਂ ਕੋਈ ਸਪਸ਼ਟ (ਬਲੈਕ ਐਂਡ ਵਾਈਟ) ਜਵਾਬ ਚਾਹੁੰਦੇ ਹਨ, ਅਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਇਸ ਨਾਲੋਂ ਥੋੜ੍ਹਾ ਜਿਹਾ ਜ਼ਿਆਦਾ ਗੁੰਝਲਦਾਰ ਹੈ। ਹਰ ਰੋਜ਼ ਸਾਨੂੰ ਸਕੂਲ ਪੱਧਰ `ਤੇ ਹਾਜ਼ਰ ਸਟਾਫ ਬਾਰੇ ਰਿਪੋਰਟ ਦਿੱਤੀ ਜਾਂਦੀ ਹੈ ਅਤੇ ਫਿਰ ਹਿਊਮਨ ਰੀਸੋਰਸਜ਼ ਵਾਲੇ ਕਹਿ ਸਕਦੇ ਹਨ ਕਿ ਸਕੂਲ ਵਿੱਚੋਂ ਗੈਰਹਾਜ਼ਰ ਸਟਾਫ ਦੀ ਪੱਧਰ ਜਾਂ ਫੀਸਦੀ ਇਸ ਪ੍ਰਕਾਰ ਹੈ। ਇਸ ਤਰ੍ਹਾਂ ਇਹ ਜਾਣਕਾਰੀ ਬਹੁਤ ਮਹੱਤਵਪੂਰਨ ਅਤੇ ਬਹੁਤ ਦਿਲਚਸਪ ਹੈ, ਪਰ ਇਸ ਦੇ ਕਈ ਕਾਰਨ ਹੋ ਸਕਦੇ ਹਨ। ਸਾਨੂੰ ਇਹ ਪਤਾ ਨਹੀਂ ਹੁੰਦਾ ਕਿ ਲੋਕ ਛੁੱਟੀਆਂ ਕਰਕੇ, ਪ੍ਰੋਫੈਸ਼ਨਲ ਡਿਵੈਲਪਮੈਂਟ ਕਰਕੇ, ਕਿਸੇ ਹੋਰ ਕਾਰਨ ਦੇ ਸਕੂਲ ਨਹੀਂ ਆਏ, ਜਾਂ ਇਹ ਡਿਪਾਰਟਮੈਂਟ ਦੇ ਹੈੱਡ ਦਾ ਸਮਾਂ ਹੈ। "ਗੈਰਹਾਜ਼ਰੀ ਦੀ ਅਸਲੀ ਸੂਚੀ" ਦੇ ਕਈ ਕਾਰਨ ਹੁੰਦੇ ਹਨ। ਜੇ ਸਾਨੂੰ ਪਤਾ ਲੱਗੇ ਕਿ ਸਟਾਫ ਦੀ ਗੈਰਹਾਜ਼ਰੀ 25% ਤੋਂ ਜ਼ਿਆਦਾ ਹੈ ਤਾਂ ਇਸ ਨਾਲ ਗੱਲਬਾਤ ਸ਼ੁਰੂ ਹੁੰਦੀ ਹੈ। ਉਸ ਗੱਲਬਾਤ ਵਿੱਚ ਸਾਡੇ ਸੁਪਰਡੈਂਟ ਦੀ ਟੀਮ ਸਕੂਲ ਦੇ ਪ੍ਰਿੰਸੀਪਲ ਨੂੰ ਪੁੱਛਦੀ ਹੈ ਕਿ ਸਾਨੂੰ ਆਪਣੀ ਇਮਾਰਤ ਦੀਆਂ ਮੌਜੂਦਾ ਹਾਲਤਾਂ ਨੂੰ ਸਮਝਣ ਵਿੱਚ ਮਦਦ ਕਰੋ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਕੀ ਸਟਾਫ ਦੀ ਗਿਣਤੀ ਦੁਬਾਰਾ ਵੱਧ ਸਕੇਗੀ, ਇਹ ਸਥਿਤੀ ਤੁਹਾਡੇ ਲਈ ਕਿੰਨੀ ਕੁ ਨਾਜ਼ਕ ਹੈ? ਕੀ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਸਕੂਲ ਅਜਿਹੀ ਸਥਿਤੀ ਵਿੱਚ ਹੈ ਜਿਸ ਕਾਰਨ ਉਹ ਬੱਚਿਆਂ ਦੀ ਢੁਕਵੀਂ ਨਿਗਰਾਨੀ ਨਹੀਂ ਕਰ ਸਕਦੇ ਹਨ ਜਾਂ ਉਨ੍ਹਾਂ ਨੂੰ ਢੁਕਵੀਂ ਪੜ੍ਹਾਈ ਨਹੀਂ ਕਰਵਾ ਸਕਦੇ ਹਨ। ਕੀ ਇਹ ਗੈਰਹਾਜ਼ਰੀ ਬੀਮਾਰੀ ਨਾਲ ਸੰਬੰਧਿਤ ਹੈ ਜਾਂ ਕਿਸੇ ਹੋਰ ਚੀਜ਼ ਨਾਲ ਅਤੇ ਕੀ ਅਸੀਂ ਇਹ ਸਮਝਦੇ ਹਾਂ ਕਿ ਇਹ 2-7 ਦਿਨਾਂ ਤੱਕ ਜਾਰੀ ਰਹੇਗੀ? ਇਸ ਦੇ ਨਾਲ ਹੀ ਅਸੀਂ ਫਰੇਜ਼ਰ ਹੈਲਥ ਤੋਂ ਵੀ ਜਾਣਕਾਰੀ ਚਾਹੁੰਦੇ ਹਾਂ। ਕੀ ਕਮਿਊਨਿਟੀ ਨਾਲ ਸੰਬੰਧਿਤ ਕੋਈ ਹੋਰ ਜਾਣਕਾਰੀ ਹੈ? ਕੀ ਸਾਨੂੰ ਸਕੂਲ ਵਿੱਚ ਕੋਵਿਡ ਦੀ ਸੰਭਾਵਨਾ ਬਾਰੇ ਕੋਈ ਜਾਣਕਾਰੀ ਹੈ? ਵਿਦਿਆਰਥੀਆਂ ਦੀ ਗੈਰਹਾਜ਼ਰੀ ਬਾਰੇ ਅਸੀਂ ਕੀ ਜਾਣਦੇ ਹਾਂ ਅਤੇ ਜਿੱਥੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਗੈਰਹਾਜ਼ਰ ਹਨ, ਕੀ ਉਹ ਬੀਮਾਰੀ ਨਾਲ ਸੰਬੰਧਿਤ ਹੈ ਜਾਂ ਕੋਈ ਹੋਰ ਕਾਰਨਾਂ ਨਾਲ? ਇਹਨਾਂ ਸਾਰੀਆਂ ਚੀਜ਼ਾਂ `ਤੇ ਗੌਰ ਕੀਤਾ ਜਾਂਦਾ ਹੈ ਅਤੇ ਸਟਾਫ ਦੀ ਗੈਰਹਾਜ਼ਰੀ ਦੀ ਉੱਚੀ ਫੀਸਦੀ ਸਿਰਫ ਇਹ ਗੱਲਬਾਤ ਸ਼ੁਰੂ ਕਰਨ ਦਾ ਕਾਰਨ ਬਣਦੀ ਹੈ। ਇਹ ਗੱਲਬਾਤ ਕਾਰਨ ਅਸੀਂ ਬਹੁਤ ਸਾਰੀ ਹੋਰ ਜਾਣਕਾਰੀ ਇਕੱਤਰ ਕਰਾਂਗੇ ਅਤੇ ਫਿਰ ਅਖੀਰ ਵਿੱਚ ਅਸੀਂ ਇਹ ਫੈਸਲਾ ਕਰਾਂਗੇ ਕਿ ਕੀ ਸਕੂਲ ਨੂੰ ਘਰ ਤੋਂ ਪੜ੍ਹਾਈ ਕਰਵਾਉਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਜਾਂ ਨਹੀਂ। ਸਾਡੇ ਮਾਡਲ ਵਿੱਚ, ਪਹਿਲੇ ਦਿਨ ਅਸੀਂ ਸਕੂਲ ਤੋਂ ਪੁਸ਼ਟੀ ਕਰਾਂਗੇ, ਫਿਰ ਅਸੀਂ ਫੈਸਲਾ ਕਰਾਂਗੇ ਅਤੇ ਫਿਰ ਉਸ ਤੋਂ ਬਾਅਦ ਵਿਉਂਤ ਬਣਾਉਣ ਦਾ ਦਿਨ ਆਏਗਾ। ਕੋਈ ਸਿੱਧਾ-ਸਾਦਾ ਨਿਯਮ ਨਹੀਂ ਹੈ ਕਿ ਜੇ ਇਕ ਖਾਸ ਫੀਸਦੀ ਦੀ ਗੈਰਹਾਜ਼ਰੀ ਹੋਵੇ ਤਾਂ ਸਕੂਲ ਘਰ ਤੋਂ ਪੜ੍ਹਾਈ ਕਰਵਾਉਣੀ ਸ਼ੁਰੂ ਕਰ ਦੇਵੇਗਾ। ਇਹ ਸਿਰਫ ਸਕੂਲ ਨਾਲ ਸਲਾਹ ਮਸ਼ਵਰਾ ਅਤੇ ਗੱਲਬਾਤ ਸ਼ੁਰੂ ਕਰਨ ਦਾ ਕਾਰਨ ਹੈ।

**ਸਟਾਫ ਲਈ ਰੈਪਿਡ ਟੈੱਸਟ**

ਸੂਬਾਈ ਪੱਧਰ `ਤੇ ਇਹ ਐਲਾਨ ਹੋਇਆ ਹੈ ਕਿ 200,000 ਰੈਪਿਡ ਟੈੱਸਟ ਸਕੂਲ ਜ਼ਿਲ੍ਹਿਆਂ ਨੂੰ ਭੇਜੇ ਜਾ ਰਹੇ ਹਨ। ਉਹ ਸਾਨੂ ਛੇਤੀ ਹੀ ਮਿਲਣਗੇ, ਉਮੀਦ ਹੈ ਕਿ ਅਗਲੇ ਇਕ ਦੋ ਦਿਨਾਂ ਵਿੱਚ। ਹਰ ਬਾਲਗ ਵਿਅਕਤੀ ਲਈ ਦੋ ਦਿੱਤੇ ਜਾਣਗੇ। ਜਦੋਂ ਉਹ ਜ਼ਿਲ੍ਹੇ ਨੂੰ ਮਿਲਣਗੇ, ਉਸ ਤੋਂ ਬਾਅਦ ਉਹਨਾਂ ਦੇ ਇਕ ਬਾਲਗ ਨੂੰ ਦੋ ਦਾ ਸੈੱਟ ਦੇਣ ਲਈ ਨਵੇਂ ਪੈਕਟ ਬਣਾਉਣੇ ਪੈਣਗੇ। ਇਹ ਤੁਹਾਡੀ ਨਿੱਜੀ ਵਰਤੋਂ ਲਈ ਹਨ ਅਤੇ ਜਦੋਂ ਤੁਹਾਡੇ ਵਿੱਚ ਲੱਛਣ ਦਿਖਾਈ ਦੇ ਰਹੇ ਹੋਣ। ਸਾਨੂੰ ਇਹ ਪਤਾ ਕਰਨਾ ਪਏਗਾ ਕਿ ਅਸੀਂ ਉਹਨਾਂ ਨੂੰ ਕਿਵੇਂ ਵੰਡਣਾ ਹੈ ਅਤੇ ਅਸੀਂ ਸੋਚਦੇ ਹਾਂ ਕਿ ਇਹ ਇਹਨਾਂ ਨੂੰ ਵੰਡਣ ਦੀ ਵੱਡੀ ਮੁਹਿੰਮ ਦਾ ਪਹਿਲਾ ਪੜਾਅ ਹੈ। ਇਸ ਵੱਡੀ ਮੁਹਿੰਮ ਵਿੱਚ ਵਿਦਿਆਰਥੀ ਵੀ ਸ਼ਾਮਲ ਹੋਣਗੇ। ਅਸੀਂ ਰੈਪਿਡ ਟੈੱਸਟਾਂ ਨੂੰ ਵਿਦਿਆਰਥੀਆਂ ਵਿੱਚ ਵੰਡਣ ਦੀ ਸੰਭਾਵਨਾ ਬਾਰੇ ਵੀ ਜਾਣਕਾਰੀ ਇਕੱਤਰ ਕਰ ਰਹੇ ਹਾਂ, ਇਸ ਲਈ ਭਵਿੱਖ ਵਿੱਚ ਇਸ ਬਾਰੇ ਹੋਰ ਜਾਣਕਾਰੀ ਆਵੇਗੀ।

**ਵੈਕਸੀਨ ਮੈਨਡੇਟ**

ਵੈਕਸੀਨੇਸ਼ਨ ਦੇ ਸਬੂਤ (ਪਰੂਫ) ਬਾਰੇ ਡਾ: ਬੌਨੀ ਹੈਨਰੀ ਦੇ ਆਰਡਰ ਬਾਰੇ ਆਈਆਂ ਤਾਜ਼ਾ ਖਬਰਾਂ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ ਅਤੇ ਇਸ ਬਾਰੇ ਹੁਣੇ ਹੁਣੇ ਹੋਰ ਜਾਣਕਾਰੀ ਪ੍ਰਾਪਤ ਹੋ ਰਹੀ ਹੈ। ਪਰ ਇਹ ਆਰਡਰ ਇਲਾਕਾਈ ਵੱਖਰੇਵਿਆਂ ਬਾਰੇ ਸੂਬਾਈ ਧਾਰਨਾ ਨਾਲ ਬਹੁਤ ਮਿਲਦਾ ਜੁਲਦਾ ਹੈ। ਇਹ ਆਰਡਰ ਇਲਾਕਾਈ (ਰੀਜਨਲ) ਮੈਡੀਕਲ ਹੈਲਥ ਅਫਸਰਾਂ ਨੂੰ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਜੇ ਉਹ ਇਹ ਜ਼ਰੂਰੀ ਸਮਝਣ ਤਾਂ ਉਹ ਕਿਸੇ ਸਕੂਲ ਬੋਰਡ ਤੋਂ ਇਹ ਮੰਗ ਕਰ ਸਕਦੇ ਹਨ ਕਿ ਉਹ ਆਪਣੇ ਸਟਾਫ ਤੋਂ ਵੈਕਸੀਨ ਦੇ ਦਰਜੇ ਦਾ ਸਬੂਤ (ਪਰੂਫ ਆਫ ਵੈਕਸੀਨ ਸਟੇਟਸ) ਮੰਗਣ। ਇਸ ਦਾ ਮਤਲਬ ਹੈ ਕਿ ਇਸ ਸਮੇਂ ਸਰੀ ਦੇ ਸਕੂਲਾਂ ਲਈ ਕੋਈ ਤਬਦੀਲੀ ਨਹੀਂ ਹੈ। ਸਾਡੇ ਐਜੂਕੇਸ਼ਨ ਦੇ ਬੋਰਡ (ਬੋਰਡ ਆਫ ਐਜੂਕੇਸ਼ਨ) ਨੇ ਫੈਸਲਾ ਕੀਤਾ ਹੈ ਕਿ ਉਹ ਉਦੋਂ ਤੱਕ ਵੈਕਸੀਨ ਦੇ ਦਰਜੇ ਦੇ ਸਬੂਤ (ਪਰੂਫ ਆਫ ਵੈਕਸੀਨ ਸਟੇਟਸ) ਲਈ ਪੈਰਵਾਈ ਨਹੀਂ ਕਰਨਗੇ ਜਿੰਨਾ ਚਿਰ ਤੱਕ ਹੈਲਥ ਵਾਲੇ ਅਜਿਹਾ ਕਰਨ ਲਈ ਨਹੀਂ ਕਹਿੰਦੇ। ਸਾਨੂੰ ਹੈਲਥ ਵਾਲਿਆਂ ਵੱਲੋਂ ਕੋਈ ਹਿਦਾਇਤ ਨਹੀਂ ਮਿਲੀ, ਅਸੀਂ ਆਪਣੇ ਮੈਡੀਕਲ ਹੈਲਥ ਅਫਸਰ ਤੋਂ ਕੱਲ੍ਹ ਪੁੱਛਿਆ ਸੀ, ਅਤੇ ਫਰੇਜ਼ਰ ਹੈਲਥ ਇਲਾਕੇ (ਰੀਜਨ) ਵਿੱਚ ਕੋਈ ਤਬਦੀਲੀ ਨਹੀਂ ਹੋਈ ਹੈ। ਸੂਬਾਈ ਹੈਲਥ ਅਫਸਰ ਨੇ ਸਥਾਨਕ ਅਤੇ ਇਲਾਕਾਈ ਮੈਡੀਕਲ ਹੈਲਥ ਅਫਸਰਾਂ ਨੂੰ ਅਜਿਹਾ ਕਰਨ ਦਾ ਅਧਿਕਾਰ ਦਿੱਤਾ ਹੈ, ਪਰ ਇਸ ਸਮੇਂ ਕੋਈ ਅਜਿਹਾ ਸੂਬਾਈ ਆਰਡਰ ਨਹੀਂ ਹੈ ਜਿਹੜਾ ਇਸ ਦੀ ਮੰਗ ਕਰਦਾ ਹੋਵੇ। ਅਸੀਂ ਜਾਣਦੇ ਹਾਂ ਕਿ ਸਦਾ ਹੀ ਹੋਰ ਜਾਣਕਾਰੀ ਆਉਂਦੀ ਰਹਿੰਦੀ ਹੈ।

**ਵੈਂਟੀਲੇਸ਼ਨ**

ਸਾਨੂੰ ਅੱਜ ਹੀ ਵੈਂਟੀਲੇਸ਼ਨ ਲਈ ਫੰਡਿੰਗ ਦੀ ਪੁਸ਼ਟੀ ਹੋਈ ਹੈ। ਇਹ ਫੈਡਰਲ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਰਕਮ ਹੈ ਅਤੇ ਤਕਰੀਬਨ 11.9 ਮਿਲੀਅਨ ਡਾਲਰ ਆਇਆ ਹੈ। ਇਸ ਨੂੰ ਫੈਡਰਲ ਸਰਕਾਰ ਦਾ ਕਲਾਸਾਂ ਵਿੱਚ ਸੁਰੱਖਿਅਤ ਵਾਪਸੀ ਦਾ ਫੰਡ (ਫੈਡਰਲ ਸੇਫ ਰਿਟਰਨ ਟੂ ਕਲਾਸ ਫੰਡ) ਕਿਹਾ ਜਾਂਦਾ ਹੈ। ਇਸ ਸਮੇਂ ਸਾਨੂੰ ਇਕ ਸਕੂਲ ਡਿਸਟ੍ਰਿਕਟ ਵਜੋਂ ਆਪਣਾ ਹਿੱਸਾ ਮਿਲ ਰਿਹਾ ਹੈ ਅਤੇ ਸਾਨੂੰ ਇਹ ਸੋਚਣਾ ਪਏਗਾ ਕਿ ਅਸੀਂ ਇਕ ਸਕੂਲ ਜ਼ਿਲ੍ਹੇ ਵਜੋਂ ਇਹ ਪੈਸੇ ਕਿਵੇਂ ਖਰਚਣੇ ਹਨ।

**ਮਾਸਕ**

ਯਾਦ ਕਰਵਾਉਣ ਵਾਲੀ ਅਗਲੀ ਗੱਲ ਮਾਸਕਾਂ ਬਾਰੇ ਹੈ। ਅਸੀਂ ਵਾਰ ਵਾਰ ਸੁਣਦੇ ਹਾਂ ਕਿ ਲੋਕ ਜਾਣਨਾ ਚਾਹੁੰਦੇ ਹਨ ਕਿ ਇਸ ਸਮੇਂ ਮਾਸਕਾਂ ਬਾਰੇ ਕਿਹੜੇ ਨਿਯਮ ਹਨ? ਸਤੰਬਰ ਤੋਂ ਸਕੂਲਾਂ ਵਿੱਚ ਮਾਸਕ ਪਹਿਨਣ ਬਾਰੇ ਨਿਯਮ ਨਹੀਂ ਬਦਲੇ। ਪਬਲਿਕ ਹੈਲਥ ਆਰਡਰ ਅਧੀਨ ਸਕੂਲਾਂ ਵਿੱਚ ਮਾਸਕ ਪਾਉਣੇ ਜ਼ਰੂਰੀ ਹਨ। ਚੰਗੀ ਤਰ੍ਹਾਂ ਫਿੱਟ ਹੋਣ ਵਾਲੇ ਮਾਸਕ ਪਾਉਣਾ ਮਹੱਤਵਪੂਰਨ ਹੈ। ਇਹ ਮਹੱਤਵਪੂਰਨ ਹੈ ਕਿ ਕੁੱਝ ਛੋਟਾਂ ਹਨ ਅਤੇ

ਅਸੀਂ ਇਹਨਾਂ ਛੋਟਾਂ ਦੇ ਅੰਦਰ ਕੰਮ ਕਰਨ ਸਕਣ ਦੇ ਯੋਗ ਹਾਂ, ਪਰ ਸੂਬਾਈ ਆਰਡਰ ਮੰਗ ਕਰਦਾ ਹੈ ਕਿ ਸਕੂਲ ਦੇ ਅੰਦਰ ਹੋਣ ਸਮੇਂ ਸਾਰੇ ਵਿਦਿਆਰਥੀਆਂ, ਸਟਾਫ ਦੇ ਮੈਂਬਰਾਂ ਅਤੇ ਵਿਜ਼ਟਰਾਂ ਲਈ ਮਾਸਕ ਪਾਉਣੇ ਜ਼ਰੂਰੀ ਹਨ।

ਮੈਂ ਉਮੀਦ ਕਰਦਾ ਹਾਂ ਕਿ ਇਸ ਨਾਲ ਕੁੱਝ ਚੀਜ਼ਾਂ ਸਪਸ਼ਟ ਹੋ ਗਈਆਂ ਹੋਣਗੀਆਂ। ਅੱਜ ਇਕ ਪ੍ਰੈਸ ਕਾਨਫਰੰਸ ਹੋਣੀ ਹੈ ਅਤੇ ਉਸ ਵਿੱਚ ਜ਼ਰੂਰ ਹੀ ਹੋਰ ਜਾਣਕਾਰੀ ਦਿੱਤੀ ਜਾਵੇਗੀ। ਹਮੇਸ਼ਾਂ ਵਾਂਗ ਅਸੀਂ ਸਕੂਲਾਂ ਵਿੱਚ ਹਰ ਇਕ ਵੱਲੋਂ ਕੀਤੇ ਜਾ ਰਹੇ ਕੰਮ ਦੀ ਬਹੁਤ ਕਦਰ ਕਰਦੇ ਹਾਂ। ਅਸੀਂ ਜਾਣਦੇ ਹਾਂ ਕਿ ਰੇਤ ਦਾ ਖਿਸਕਣਾ ਅਨਿਸ਼ਚਤਿਤਾ ਪੈਦਾ ਕਰਦਾ ਹੈ ਅਤੇ ਸਪਸ਼ਟਤਾ ਦੀ ਘਾਟ ਨਾਲ ਲੋਕਾਂ ਵਿੱਚ ਭੰਬਲਭੂਸਾ ਪੈਦਾ ਹੁੰਦਾ ਹੈ। ਅਤੇ ਇਸ ਲਈ ਮੈਂ ਸੋਚਿਆ ਕਿ ਅੱਜ ਇਹ ਸਪਸ਼ਟ ਕਰਨ ਲਈ ਵੀਡੀਓ ਬਣਾਉਣਾ ਮਦਦਗਾਰ ਹੋਵੇਗਾ ਕਿ ਅੱਜ ਜਨਵਰੀ 18 ਨੂੰ ਕੀ ਸਥਿਤੀ ਹੈ। ਮੈਨੂੰ ਉਮੀਦ ਹੈ ਕਿ ਇਹ ਮਦਦਗਾਰ ਹੋਵੇਗੀ।

ਹਮੇਸ਼ਾਂ ਵਾਂਗ, ਆਪਣਾ ਖਿਆਲ ਰੱਖਿਓ ਅਤੇ ਤੰਦਰੁਸਤ ਰਹਿਓ । ਹਾਈਚਕੇ।